**ਪੀਐਸਪੀਸੀਐਲ ਵਿੱਚ GATE (Graduate Aptitude Test in Engineering) 2024 ਅੰਕਾਂ ਦੇ ਅਧਾਰ ਸਹਾਇਕ ਇੰਜਨੀਅਰ/ਓਟੀ ਦੀ ਭਰਤੀ ਸਬੰਧੀ ਸਾਰਵਜਨਿਕ ਨੋਟਿਸ**

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ), ਪੰਜਾਬ ਸਰਕਾਰ ਦੀ ਕੰਪਨੀ ਹੈ, ਜੋ ਕਿ ਪੂਰੇ ਪੰਜਾਬ ਰਾਜ ਵਿੱਚ ਊਰਜਾ ਦੇ ਉਤਪਾਦਨ ਅਤੇ ਵੰਡ ਲਈ ਜਿੰਮੇਵਾਰ ਹੈ।

ਪੀਐਸਪੀਸੀਐਲ ਵਿੱਚ ਗੇਟ-2023 ਅੰਕਾਂ ਦੇ ਆਧਾਰ ਤੇ ਸਹਾਇਕ ਇੰਨਜੀਅਰ/ਓਟੀ (ਇਲੈਕਟ੍ਰੀਕਲ) ਕੇਡਰ ਅਧੀਨ ਮਕੈਨੀਕਲ ਇੰਜੀਨੀਅਰਿੰਗ, ਇਲੈਕਟ੍ਰੋਨਿਕਸ ਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ ਡਿਸਪਲਿਨ ਅਤੇ ਸਹਾਇਕ ਮੈਨੇਜਰ/ਆਈ.ਟੀ. ਸਿਸਟਮਸ ਦੀ ਭਰਤੀ ਕਾਰਵਾਈ ਅਧੀਨ ਹੈ।

ਪੀਐਸਪੀਸੀਐਲ ਸਾਲ 2024-25 ਲਈ ਸਹਾਇਕ ਇੰਜੀਨੀਅਰ/ਓਟੀ (ਇਲੈਕਟ੍ਰੀਕਲ) ਕੇਡਰ ਅਧੀਨ ਇਲੈਕਟ੍ਰੀਕਲ/ਇਲੈਕਟ੍ਰੀਕਲ ਅਤੇ ਇਲੈਕਟ੍ਰੋਨਿਕਸ ਇੰਜੀਨੀਅਰਿੰਗ, ਮਕੈਨੀਕਲ ਇੰਜੀਨੀਅਰਿੰਗ, ਇਲੈਕਟ੍ਰੋਨਿਕਸ ਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ ਡਿਸਪਲਿਨਾ ਦੀ ਭਰਤੀ ਗੇਟ-2024 ਦੇ ਅੰਕਾਂ ਦੇ ਆਧਾਰ ਤੇ ਕਰਨ ਲਈ ਇਛੁੱਕ ਹੈ।

ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੀਐਸਪੀਸੀਐਲ ਵਿੱਚ ਸਹਾਇਕ ਇੰਜੀਨੀਅਰ/ਓਟੀ (ਇਲੈਕਟ੍ਰੀਕਲ) ਕੇਡਰ ਅਧੀਨ ਉਕਤ ਡਿਸਪਲਿਨਾ ਵਿੱਚ ਜੁਆਇੰਨ ਕਰਨ ਦੇ ਚਾਹਵਾਨ ਉਮੀਦਵਾਰ ਸਬੰਧਤ ਡਿਸਪਲਿਨਾਂ ਦੇ GATE 2024 ਪੇਪਰ ਵਿੱਚ ਅਪੀਅਰ ਹੋਣਾ ਯਕੀਨੀ ਬਣਾਉਣਗੇ। ਇਸ ਆਸਾਮੀ ਲਈ ਉਮੀਦਵਾਰਾਂ ਦੀ ਵਿਦਿਅਕ ਅਤੇ ਪੰਜਾਬੀ ਸਬੰਧੀ ਯੋਗਤਾ ਹੇਠ ਦਰਸਾਏ ਟੇਬਲ ਅਨੁਸਾਰ ਹੋਣੀ ਲਾਜ਼ਮੀ ਹੈ।

*ਨੋਟ: ਇਥੇ ਇਹ ਦੱਸਣਯੋਗ ਹੈ ਕਿ ਕੇਵਲ GATE-2024 ਕੁਆਲੀਫਾਈਡ ਉਮੀਦਵਾਰ ਹੀ ਇਸ ਭਰਤੀ ਪ੍ਰੀਕ੍ਰਿਆ ਲਈ ਯੋਗ ਹੋਣਗੇ।*

| Sr. No. | Name of the Post/Discipline | Basic and Professional Qualification | Knowledge/Qualification of Punjabi |
|---|---|---|---|
| 1 | **Assistant Engineer/ On Training (Electrical)** | Full time regular B.E./B. Tech./BSc. degrees in Engineering with a minimum of 60% marks or equivalent degree recognized by AICTE or AMIE with 60% marks from Institution of Engineers (India) Kolkata in the discipline of:- | Qualification of Punjabi is essential for all posts. For this purpose, all the candidates must have passed Punjabi of at least Matriculation or its equivalent level up to the last date of submission of online application against the advertisement to be published later as per Sr. No. (iii) below. |
| a. | **Electrical Engineering** | Electrical Engineering or Electrical & Electronics Engineering | |
| b. | **Mechanical Engineering** | Mechanical Engineering | |
| c. | **Electronics & Communication** | Electronics & Communication Engineering | |

ਨੋਟ: ਪੰਜਾਬ ਸਰਕਾਰ ਦੇ ਵਿੱਤ ਭਾਗ ਵਲੋਂ ਨੋਟੀਫਿਕੇਸ਼ਨ ਨੰ: 7/42/2020-5 F.P. 1/741-746 ਮਿਤੀ 17.07.2020 ਅਨੁਸਾਰ ਜਾਰੀ ਪੇ-ਸਕੇਲ ਸਮੇਤ ਇਸ ਸਬੰਧੀ ਵੱਖ ਵੱਖ ਸਮੇਂ ਦੌਰਾਨ ਜਾਰੀ ਹੋਣ ਵਾਲੇ ਸਪਸ਼ਟੀਕਰਨ/ਸੋਧਾਂ ਇਹਨਾ ਆਸਾਮੀਆਂ ਤੇ ਲਾਗੂ ਹੋਣਗੇ।

## Important dates for GATE 2024 Examination:

| | |
|---|---|
| **Closing Date for online registration (without late fee)** | 05 October 2023 |
| **Extended Closing Date for online registration (with late fee)** | 13 October 2023 |

ਗੇਟ-2024 ਸਬੰਧੀ ਵਧੇਰੇ ਜਾਣਕਾਰੀ ਲਈ ਵੈਬਸਾਈਟ ਲਿੰਕ https://gate2024.iisc.ac.in/ ਦੇਖਿਆ ਜਾ ਸਕਦਾ ਹੈ।

ਇਸ ਭਰਤੀ ਲਈ ਪੰਜਾਬ ਸਰਕਾਰ/ਪੀਐਸਪੀਸੀਐਲ ਦੇ ਨਿਯਮ (ਸਮੇਤ ਹੇਠ ਲਿਖੀਆਂ ਸ਼ਰਤਾਂ) ਲਾਗੂ ਹੋਣਗੇ:-

(i) **ਉਮਰ ਦੀ ਹੱਦ/ਰਾਖਵਾਂਕਰਨ:-**

ਉਮਰ ਦੀ ਹੱਦ/ਰਾਖਵੇਂ ਕਰਨ ਦਾ ਮਾਪ ਦੰਡ ਪੰਜਾਬ ਸਰਕਾਰ ਦੀਆਂ ਤਾਜਾ ਹਦਾਇਤਾਂ ਅਨੁਸਾਰ ਹਰੇਕ ਕਲੰਡਰ ਸਾਲ, ਜਿਸ ਸਾਲ ਭਰਤੀ ਲਈ ਵਿਗਿਆਪਨ ਦਿੱਤਾ ਜਾਵੇਗਾ, ਦੀ ਪਹਿਲੀ ਜਨਵਰੀ ਨੂੰ 18 ਤੋਂ 37 ਸਾਲ ਹੋਵੇਗੀ ਅਤੇ ਉਪਰਲੀ ਉਮਰ ਸੀਮਾ ਵਿੱਚ ਛੋਟ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੋਵੇਗੀ।

(ii) **ਵਿਦਿਆਰਥੀਆਂ ਦੀ ਯੋਗਤਾ ਸਬੰਧੀ:-**

ਇੰਜੀਨੀਅਰਿੰਗ/ਕੁਆਲੀਫਾਇੰਗ ਡਿਗਰੀ ਦੇ (ਸੈਸ਼ਨ 2023-2024) ਦੇ ਆਖਰੀ ਸਾਲ ਪੂਰਾ ਕਰ ਚੁੱਕੇ ਜਾਂ ਆਖਰੀ ਸਾਲ ਵਿੱਚ ਅਪੀਅਰ ਹੋ ਰਹੇ ਉਮੀਦਵਾਰ ਅਪਲਾਈ ਕਰ ਸਕਦੇ ਹਨ ਬਸ਼ਰਤੇ ਕਿ ਉਹਨਾ ਵਲੋਂ ਇਸ ਆਸਾਮੀ ਲਈ ਹੇਠ ਲਿਖੀ ਸ਼ਰਤ-(iii) ਦੇ ਮੱਦੇਨਜ਼ਰ ਜਾਰੀ ਹੋਣ ਵਾਲੇ ਵਿਗਿਆਪਨ ਦੀ ਆਨਲਾਈਨ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਲੋੜੀਂਦੀ ਯੋਗਤਾ ਪੂਰੀ ਕਰ ਲਈ ਹੋਵੇ ਅਤੇ ਗੇਟ-2024 ਕੁਆਲੀਫਾਈ ਕੀਤਾ ਗਿਆ ਹੋਵੇ।

(iii) **ਭਰਤੀ ਲਈ ਅਸਲ ਅਸਾਮੀਆਂ ਅਤੇ ਰਜਿਸਟ੍ਰੇਸ਼ਨ ਪ੍ਰੀਕਿਰਿਆ ਲਈ ਸੰਪੂਰਣ ਵਿਵਰਣ:-**

ਭਰਤੀ ਰਜਿਸ਼ਟ੍ਰੇਸ਼ਨ ਪ੍ਰੀਕ੍ਰਿਆ ਲਈ ਨਿਯਮ, ਸ਼ਰਤਾਂ, ਅਸਾਮੀਆਂ ਦੀ ਗਿਣਤੀ ਅਤੇ ਸੇਧਾਂ ਦਰਸਾਉਂਦਾ ਵਿਗਿਆਪਨ ਵੱਖਰੇ ਤੌਰ ਤੇ ਪੀਐਸਪੀਸੀਐਲ ਦੀ ਵੈਬਸਾਈਟ www.pspcl.in ਤੇ ਬਾਅਦ ਵਿੱਚ ਜਾਰੀ ਕੀਤਾ ਜਾਵੇਗਾ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਸਹਾਇਕ ਇੰਜੀਨੀਅਰ/ਓਟੀ ਇਲੈਕਟ੍ਰੀਕਲ ਕੇਡਰ ਅਧੀਨ ਉਕਤ ਦਰਸਾਈਆਂ ਅਸਾਮੀਆਂ/ਡਿਸਪਲਿਨਾ ਦੀ ਭਰਤੀ ਸਬੰਧੀ ਵਿਗਿਆਪਨ ਜਾਰੀ ਕਰਨਾ ਜਾਂ ਨਾ ਕਰਨਾ ਪੀਐਸਪੀਸੀਐਲ ਦੀ ਲੋੜ ਤੇ ਨਿਰਭਰ ਕਰੇਗਾ।

ਵਧੇਰੇ ਜਾਣਕਾਰੀ ਲਈ ਉਮੀਦਵਾਰ ਸਮੇਂ ਸਮੇਂ ਤੇ ਪੀਐਸਪੀਸੀਐਲ ਦੀ ਵੈਬਸਾਈਟ (www.pspcl.in) ਚੈਕ ਕਰ ਸਕਦੇ ਹਨ।

ਸਥਾਨ: ਪਟਿਆਲਾ
ਮਿਤੀ : 03.10.2023

ਮੁੱਖ ਇੰਜੀਨੀਅਰ/ਐਚ.ਆਰ.ਡੀ,
ਪੀ.ਐਸ.ਪੀ.ਸੀ.ਐਲ, ਪਟਿਆਲਾ।